Directorate of Education, GNCT of Delhi

Practice Paper

Mid Term

Class-XII (2022-23)

PUNJABI (104)

ਸਮਾਂ-3 ਘੰਟੇ ਕੁੱਲ ਅੰਕ-80

ਆਮ ਨਿਰਦੇਸ਼-

- ਸਾਰੇ ਪ੍ਰਸ਼ਨ ਲਾਜ਼ਮੀ ਹਨ| ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕਰੋ|
- ਲਿਖਾਈ ਸਾਫ਼ ਅਤੇ ਸ਼ੁੱਧ ਲਿਖੋ|
- ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰ ਸ਼ੀਟ ਉੱਤੇ ਲਿਖਿਆ ਜਾਵੇ|

ਭਾਗ-ੳ (ਅਡਵਾਂਸ ਪੜ੍ਹਨ ਕੌਸ਼ਲ)

1. ਹੇਠ ਦਿੱਤੇ ਗਏ ਪੈਰਿਆਂ ਵਿੱਚੋਂ ਕਿਸੇ ਇੱਕ ਪੈਰੇ ਦਾ ਸਿਰਲੇਖ ਲਿਖ ਕੇ ਉਸਦੀ ਸੰਖੇਪ ਰਚਨਾ ਕਰੋ| 1+7=8

ਆਮ ਜ਼ਿੰਦਗੀ ਵਿੱਚ ਵੀ ਵੇਖਿਆ ਜਾਵੇ ਤਾਂ ਕਈ ਆਦਮੀ ਬੜੇ ਸਾਊ ਕਿਸਮ ਦੇ ਹੁੰਦੇ ਹਨ,ਇਹ ਚੰਗੀ ਪਰਵਰਸ਼ ਦਾ ਨਤੀਜਾ ਹੈ ਪਰ ਕਈਆਂ ਦੀ ਤਬੀਅਤ ਪੂਰੀ ਚੰਗਿਆੜਿਆਂ ਵਰਗੀ ਹੁੰਦੀ ਹੈ,ਉਹਨਾਂ ਦਾ ਬਚਪਨ ਜਰੂਰ ਕੁਝ ਤਰੁੱਟੀਆਂ ਜਾਂ ਹੀਣ-ਭਾਵਨਾਵਾਂ ਦਾ ਸ਼ਿਕਾਰ ਹੋਵੇਗਾ|ਸਿਆਣਿਆਂ ਦਾ ਕਥਨ ਹੈ,''ਜਿਸ ਨੇ ਬਚਪਨ ਵਿੱਚ ਭੁੱਖ ਵੇਖੀ ਹੋਵੇ ਉਸਦੀ ਨੀਅਤ ਸਾਰੀ ਉਮਰ ਹੀ ਨਹੀਂ ਰੱਜਦੀ" ਇਸੇ ਤਰ੍ਹਾਂ ਜੋ ਬਚਪਨ ਪਿਆਰ ਵਿਹੂਣਾ ਹੁੰਦਾ ਹੈ ਉਹ ਸਾਰੀ ਉਮਰ ਸਮਾਜ ਨੂੰ ਗੁੱਸੇ ਅਤੇ ਨਿਰਾਸ਼ਾ ਬਿਨਾਂ ਹੋਰ ਕੁਝ ਨਹੀਂ ਦੇ ਸਕਦਾ|ਇਸੇ ਕਰਕੇ ਸਿਆਣਿਆਂ ਨੇ ਸਮਾਜ ਦੀ ਰਚਨਾ ਕੀਤੀ ਸਮਾਜ ਨੇ ਪਰਿਵਾਰ ਦੀ,ਘਰ ਦੀ ਜੋ ਸਕੂਨ ਦਾ ਦੂਸਰਾ ਨਾਂ ਹੈ| ਖਾਸ ਕਰ ਪਰਿਵਾਰ ਤੇ ਮਾਂ-ਬਾਪ ਦੀ ਜ਼ੁੰਮੇਵਾਰੀ ਸਭ ਤੋਂ ਵੱਡੀ ਹੁੰਦੀ ਹੈ| ਉਹਨਾਂ ਦੀ ਸਿਆਣਪ ਅਤੇ ਜੀਵਨ ਸ਼ੈਲੀ ਬੱਚੇ ਨੂੰ ਸਰਬ-ਕਲਾ ਸੰਪੂਰਨ ਬਣਾਉਂਦੀ ਹੈ| ਥੋੜ੍ਹੀ ਜਿਹੀ ਲਾਪਰਵਾਹੀ ਬੱਚੇ'ਚ ਸਾਰੀ ਉਮਰ ਲਈ ਹੀਣ-ਭਾਵਨਾ ਭਰ ਦੇਂਦੀ ਹੈ,ਇਹੀ ਲਾਪਰਵਾਹੀ ਬੱਚੇ ਨੂੰ ਬੁਰੀ ਸੰਗਤ ਵੱਲ ਵੀ ਧੱਕ ਦਿੰਦੀ ਹੈ| ਇਸ ਵਿੱਚ ਮਾਂ ਦੀ ਜ਼ੁੰਮੇਵਾਰੀ ਸਭ ਤੋਂ ਜ਼ਿਆਦਾ ਹੁੰਦੀ ਹੈ ਹਾਲਾਂਕਿ ਬਾਕੀ ਪਰਿਵਾਰ ਦਾ ਕੋਈ ਮੈਂਬਰ ਵੀ ਮਾਫ਼ੀ ਦਾ ਹੱਕਦਾਰ ਨਹੀਂ ਹੁੰਦਾ| ਦੁਨੀਆਂ ਦੇ ਇਤਿਹਾਸ ਵਿੱਚ ਜਿੰਨੇ ਵੀ ਮਹਾਨ ਪੁਰਸ਼ ਹੋਏ ਹਨ ਜਾਂ ਜਿੰਨੇ ਵੀ ਮਾੜੀ (ਖਲਨਾਇਕ)ਕਿਸਮ ਦੇ ਆਦਮੀ ਹੋਏ

ਹਨ,ਉਹਨਾਂ ਬਾਰੇ ਪੂਰੀ ਜਾਣਕਾਰੀ ਇਕੱਠੀ ਕੀਤੀ ਜਾਵੇ ਤਾਂ ਇਹ ਤੱਥ ਪ੍ਰਮੁੱਖ ਤੌਰ 'ਤੇ ਸਾਹਮਣੇ ਆਉਂਦੇ ਹਨ ਕਿ ਉਹਨਾਂ ਦੇ ਚੰਗੇ ਜਾਂ ਮਾੜੇ ਬਣਨ ਵਿੱਚ ਉਹਨਾਂ ਦੇ ਮਾਂ-ਬਾਪ,ਪਰਿਵਾਰ ਅਤੇ ਸੰਗਤ ਦਾ ਹੀ ਹੱਥ ਹੁੰਦਾ ਹੈ|

ਜਾਂ

ਕਿਰਤ ਕਰਨਾ ਮਨੁੱਖ ਦੇ ਜੀਵਨ ਦਾ ਪ੍ਰਮੁੱਖ ਅੰਗ ਹੈ|ਉਸਦੇ ਜੀਵਨ ਦਾ ਬਹੁਤ ਵੱਡਾ ਹਿੱਸਾ ਕੰਮ ਕਰਨ ਵਿੱਚ ਗੁਜ਼ਰਦਾ ਹੈ|ਕੰਮ ਕਰਨਾ ਉਸਦੇ ਜੀਵਨ ਦਾ ਵੱਡਾ ਆਹਰ ਹੀ ਨਹੀਂ ਸਗੋਂ ਵੱਡੀ ਲੋੜ ਹੈ|ਉਸਦੇ ਜੀਵਨ ਦਾ ਬਹੁਤਾ ਹਿੱਸਾ ਕੰਮ ਅਤੇ ਅਰਾਮ ਵਿੱਚ ਵੰਡਿਆ ਹੋਇਆ ਹੈ|ਅਰਾਮ ਅਤੇ ਵਿਹਲ ਦੇ ਸਮੇਂ ਵਿੱਚ ਵੀ ਅਸੀਂ ਕੰਮ ਕਰਦੇ ਹਾਂ|ਕੇਵਲ ਪੂਰਨ ਅਰਾਮ ਤੇ ਨੀਂਦ ਦੀ ਹਾਲਤ ਵਿੱਚ ਹੀ ਸਾਨੂੰ ਕੋਈ ਕੰਮ ਨਹੀਂ ਕਰਨਾ ਪੈਂਦਾ|ਜੇ ਜ਼ਰਾ ਗਹੁ ਨਾਲ ਵੇਖਿਆ ਜਾਵੇ ਤਾਂ ਕੰਮ ਕਰਨਾ ਹੀ ਜ਼ਿੰਦਗੀ ਹੈ ਅਰਥਾਤ ਗਤੀ ਤੇ ਹਰਕਤ ਹੀ ਜੀਵਨ ਦਾ ਚਿਨ੍ਹ ਹੈ|ਬੇਹਰਕਤ ਪਦਾਰਥ ਜਾਂ ਨਿਰਜਿੰਦ ਮਾਦਾ ਵਿੱਚ ਜੀਵਨ ਨਹੀਂ ਗਿਣਿਆ ਜਾ ਸਕਦਾ|ਮਨੁੱਖੀ ਜੀਵਨ ਦੀ ਗਤੀਸ਼ੀਲਤਾ, ਕੰਮਾਂ-ਕਾਜਾਂ ਨਾਲ ਓਤ-ਪੋਤ ਹੈ ਅਥਵਾ ਇਹੀ ਉਸਦੀ ਪ੍ਰਗਤੀ ਦੀ ਪ੍ਰਤੀਕ ਤੇ ਪ੍ਰਮਾਣ ਹੈ|

## ਭਾਗ-ਅ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

2. ਕਾਰ-ਵਿਹਾਰ ਦੇ ਪੱਤਰ 8

ਤੁਹਾਡੇ ਕਸਬੇ ਵਿੱਚ ਦੋ-ਪਹੀਆ ਵਾਹਨਾਂ ਦੀ ਮੰਗ ਦਿਨੋਂ-ਦਿਨ ਵਧ ਰਹੀ ਹੈ ਜਿਸਦੇ ਚੱਲਦਿਆਂ ਹੀਰੋ ਮੋਟਰਜ਼, ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ|

ਜਾਂ

ਤੁਹਾਡਾ ਕਾਰੋਬਾਰ ਸ਼ੇਅਰ-ਬਜ਼ਾਰ ਨਾਲ ਜੁੜਿਆ ਹੋਇਆ ਹੈ ਅਤੇ ਕਾਰੋਬਾਰ ਲਈ ਤੁਹਾਨੂੰ ਰੋਜ਼ਾਨਾ ਮੋਬਾਈਲ ਦੀ ਵਰਤੋਂ ਕਰਨੀ ਪੈ ਰਹੀ ਹੈ ਪਰ ਤੁਸੀਂ ਭਾਰਤ ਸੰਚਾਰ ਨਿਗਮ ਲਿਮਟਡ ਦੀ ਨੈੱਟਵਰਕ ਸੇਵਾ ਕਰਕੇ ਦਿੱਕਤ ਮਹਿਸੂਸ ਕਰ ਰਹੇ ਹੋ| ਹਾਲਾਤ ਤੋਂ ਜਾਣੂ ਕਰਵਾਉਂਦੇ ਹੋਏ ਆਪਣੇ ਇਲਾਕੇ ਦੇ ਸੰਬੰਧਿਤ ਅਧਿਕਾਰੀ ਨੂੰ ਪੱਤਰ ਲਿਖ ਕੇ ਇਸ ਪਾਸੇ ਸੁਧਾਰ ਕਰਨ ਲਈ ਆਖੋ |

3. ਦਿੱਤੇ ਗਏ ਕਿਸੇ ਇੱਕ ਵਿਸ਼ੇ ਉੱਤੇ 125-150 ਸ਼ਬਦਾਂ ਦਾ ਪੈਰਾ ਰਚਨਾ ਲਿਖੋ| 10

ਸਮੇਂ ਦੀ ਕਦਰ

ਜਾਂ

ਸੰਤੁਲਿਤ ਖੁਰਾਕ

## ਭਾਗ-ੲ (ਵਿਹਾਰਕ ਵਿਆਕਰਨ)

4. ਵਾਕ-ਵਟਾਂਦਰਾ (ਅਤਿ ਛੋਟੇ ਪ੍ਰਸ਼ਨ)

ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਕੋਈ ਚਾਰ ਪ੍ਰਸ਼ਨ ਹੱਲ ਕਰੋ| 4x1=4

i) ਭਲੇ ਲੋਕ ਸਭ ਦਾ ਭਲਾ ਸੋਚਦੇ ਹਨ| (ਨਾਂਹ-ਵਾਚਕ ਵਾਕ)

ii) ਕਿਸੇ ਨਾਲ ਕੌੜਾ ਨਾ ਬੋਲੋ| (ਹਾਂ-ਵਾਚਕ ਵਾਕ)

iii) ਮੈਂ ਚਾਹੁੰਦਾ ਹਾਂ ਕਿ ਵਿਆਕਰਨ ਛੇਤੀ ਛਪੇ| (ਸਧਾਰਨ-ਵਾਕ)

iv) ਕੋਈ ਸੋਹਣਾ ਜਿਹਾ ਗੀਤ ਸੁਣਾਓ| (ਪ੍ਰਸ਼ਨ-ਵਾਚਕ ਵਾਕ)

v) ਬਿਮਾਰ ਹੋਣ ਕਾਰਨ ਉਹ ਤੁਹਾਡਾ ਕੰਮ ਨਹੀਂ ਕਰ ਸਕਦਾ| (ਮਿਸ਼ਰਿਤ-ਵਾਕ)

vi) ਕਾਰ ਰਾਜੂ ਦੁਆਰਾ ਚਲਾਈ ਗਈ| (ਕਰਤਰੀ-ਵਾਕ)

5. ਹੇਠ ਦਿੱਤੇ ਕੋਈ ਪੰਜ ਅਖਾਣਾਂ/ਅਖਾਉਤਾਂ ਨੂੰ ਵਾਕਾਂ ਵਿੱਚ ਵਰਤ ਕੇ ਸਥਿਤੀ ਸਪਸ਼ਟ ਕਰੋ|

5x2=10

i) ਸੰਗ ਤਾਰੇ ਕੁਸੰਗ ਡੋਬੇ

ii) ਆਪੇ ਮੈਂ ਰੱਜੀ-ਪੁੱਜੀ ਆਪੇ ਮੇਰੇ ਬੱਚੇ ਜੀਣ

iii) ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ

iv) ਘਰ ਦਾ ਸੜਿਆ ਵਣ ਗਿਆ,ਵਣ ਨੂੰ ਲੱਗੀ ਅੱਗ

v) ਕੋਹ ਨਾ ਚੱਲੀ ਬਾਬਾ ਤਿਹਾਈ

vi) ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ

vii) ਖਿੱਦੋ ਫਰੋਲਿਆਂ ਲੀਰਾਂ ਹੀ ਨਿਕਲਨੀਆਂ ਹਨ

## ਭਾਗ-ਸ (ਸਾਹਿਤ)

### ਕਵਿਤਾ

6. ਹੇਠ ਦਿੱਤੀਆਂ ਗਈਆਂ ਦੋ ਕਾਵਿ-ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ| 3+5=8

ਸੁਹਣੀ ਨੇ ਅਸਮਾਨ ਖੜੋ ਕੇ, ਧਰਤੀ ਵੱਲ ਤਕਾ ਕੇ|

ਇਹ ਮੁੱਠੀ ਖੋਲ੍ਹੀ ਤੇ ਸੁੱਟਿਆ, ਸਭ ਕੁਝ ਹੇਠ ਤਕਾ ਕੇ|

ਜਾਂ

ਏਦਾਂ ਮਜ਼ਦੂਰਾਂ ਦੀ ਝਾਕੀ,ਜਦ ਮੈਨੂੰ ਦਿਸ ਆਈ,

ਨਾਲ ਪੀੜ ਦੇ ਕਲਵਲ ਹੋ ਕੇ,ਰੂਹ ਮੇਰੀ ਕੁਰਲਾਈ|

ਕੀ ਉਹ ਹੁਸਨ-ਹੁਸਨ ਹੈ ਸੱਚ-ਮੁੱਚ,ਜਾਂ ਉਂਜੇ ਹੀ ਛਲਦਾ,

ਲੱਖ ਗਰੀਬਾਂ ਮਜ਼ਦੂਰਾਂ ਦੇ,ਹੰਝੂਆਂ ‘ਤੇ ਜੋ ਪਲਦਾ ?

7. ਕੋਈ ਚਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਵਿਕਲਪਾਂ ਅਨੁਸਾਰ ਲਿਖੋ|

4x1=4

ੳ) ‘ਚੁੰਮ-ਚੁੰਮ ਰੱਖੋ’ ਕਵਿਤਾ ਦੇ ਕਵੀ ਦਾ ਨਾਂ ਹੇਠ ਲਿਖੇ ਵਿਕਲਪਾਂ ਵਿੱਚੋਂ ਚੁਣੋ|

i)ਧਨੀ ਰਾਮ ਚਾਤ੍ਰਿਕ ii) ਪ੍ਰੋ੦ ਮੋਹਨ ਸਿੰਘ

iii)ਨੰਦ ਲਾਲ ਨੂਰਪੁਰੀ iv) ਸੁਰਜੀਤ ਪਾਤਰ

ਅ) ਚੁੰਮ-ਚੁੰਮ ਰੱਖੋ’ ਕਵਿਤਾ ਵਿੱਚ ਕਿਸਦੀ ਕਲਗੀ ਦੀ ਗੱਲ ਕੀਤੀ ਗਈ ਹੈ?

i)ਭਗਤ ਸਿੰਘ ਦੀ ii) ਜੁਝਾਰ ਸਿੰਘ ਦੀ

iii)ਊਧਮ ਸਿੰਘ ਦੀ iv) ਇਹਨਾਂ ਵਿੱਚੋਂ ਕੋਈ ਨਹੀਂ

ੲ) ਤਾਜ ਮਹਲ ਨੂੰ ਕਿਸਨੇ ਬਣਵਾਇਆ ਸੀ?

i)ਔਰੰਗਜ਼ੇਬ ii) ਬਾਬਰ

iii)ਜਹਾਂਗੀਰ iv) ਸ਼ਾਹਜਹਾਨ

ਸ) ਕੁਦਰਤ ਦੇਵੀ ਕਿੱਥੇ ਨਜ਼ਰ ਆਈ?

i)ਸਮੁੰਦਰ ਦੇ ਵਿੱਚ ii) ਅਰਸ਼ਾਂ ਦੇ ਵਿੱਚ

iii)ਜੰਗਲ ਦੇ ਵਿੱਚ iv) ਮਾਰੂਥਲ ਦੇ ਵਿੱਚ

ਕਹਾਣੀਆਂ

8. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਪ੍ਰਸ਼ਨ ਹੱਲ ਕਰੋ| 6

ਸਾਂਝ ਕਹਾਣੀ ਦੇ ਪਾਤਰ ‘ਪ੍ਰੋਫੈਸਰ’ਦੇ ਕਹਾਣੀ ਵਿੱਚ ਉੱਘੜਦੇ ਸੁਭਾਅ ਬਾਰੇ 125-150 ਸ਼ਬਦਾਂ ਵਿੱਚ ਲਿਖੋ|

ਜਾਂ

ਵੱਛੀ ਮਰਨ ‘ਤੇ ਨੀਲੀ ਦੁੱਧ ਕਿਉਂ ਨਹੀਂ ਸੀ ਦੇ ਰਹੀ?ਆਪਣਾ ਉੱਤਰ 125-150 ਸ਼ਬਦਾਂ ਵਿੱਚ ਲਿਖੋ|

9. ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦਾ ਉੱਤਰ ਦਿੱਤੇ ਵਿਕਲਪਾਂ ਅਨੁਸਾਰ ਲਿਖੋ| 4x1=4

ੳ) ਕਰਤਾਰ ਸਿੰਘ ਦੁੱਗਲ ਦੀ ਲਿਖੀ ਕਿਹੜੀ ਕਹਾਣੀ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ?

i)ਕੱਚਾ ਦੁੱਧ ii) ਡੰਗਰ

iii) ਨੀਲੀ iv) ਨਵਾਂ ਘਰ

ਅ) ਲੇਖਕ ਦੀ ਤ੍ਰੀਮਤ ਕਿਸ ਨਾਲ ਖੱਪਦੀ ਸੀ?

i)ਲੇਖਕ ਨਾਲ ii) ਗਵਾਲੇ ਨਾਲ

iii) ਗੁਆਂਢੀਆਂ ਨਾਲ iv) ਰਾਹੀਆਂ ਨਾਲ

ੲ) ਮਾਈ ਨੇ ਕਿੱਥੇ ਜਾਣਾ ਸੀ?

i)ਸਹੇੜੇ ii) ਬਾਗਾਂ ਵਾਲੇ

iii) ਚੀਰੇ ਵਾਲੇ iv) ਸ਼ਹਿਰ

ਸ) ਪ੍ਰੋਫੈਸਰ ਐਮ. ਐਲ. ਮਲਹੋਤਰਾ ਕਿਸ ਵਾਹਨ ਉੱਤੇ ਸਵਾਰ ਸੀ?

i)ਬਸ ਉੱਤੇ ii) ਕਾਰ ਉੱਤੇ

ii) ਸਕੂਟਰ ਉੱਤੇ iv) ਸਾਈਕਲ ਉੱਤੇ

10. ਕੋਈ ਤਿੰਨ ਪ੍ਰਸ਼ਨਾਂ ਦਾ ਉੱਤਰ 25-30 ਸ਼ਬਦਾਂ ਵਿੱਚ ਦਿਓ| 3x2=6

ੳ) ਪ੍ਰੋਫੈਸਰ ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦੇ ਕਿਹੜੇ-ਕਿਹੜੇ ਕਾਰਨ ਸੋਚਦਾ ਹੈ?

ਅ) ਪ੍ਰੋਫੈਸਰ ਲਾਲ ਚੀਰੇ ਵਾਲੇ ਸਾਈਕਲ ਸਵਾਰ ਬਾਰੇ ਕੀ-ਕੀ ਸੋਚਦਾ ਹੈ?

ੲ) ਲੇਖਕ ਦੀ ਤ੍ਰੀਮਤ ਨੇ ਗਵਾਲੇ ਨਾਲ ਕਿਹੜੀਆਂ-ਕਿਹੜੀਆਂ ਸ਼ਰਤਾਂ ਤੈਅ ਕੀਤੀਆਂ ਸਨ?

ਸ) ਨੀਲੀ ਦੀ ਵੱਛੀ ਮਰਨ ਦਾ ਕੀ ਕਾਰਨ ਸੀ?

## ਭਾਗ-ਹ (ਪੰਜਾਬੀ ਸਭਿਆਚਾਰ)

11. ਹੇਠ ਦਿੱਤੇ ਬਹੁਵਿਕਲਪੀ ਪ੍ਰਸ਼ਨਾਂ ਦਾ ਉੱਤਰ ਦਿੱਤੇ ਵਿਕਲਪਾਂ ਅਨੁਸਾਰ ਲਿਖੋ| 4x1=4

ੳ) ਛਪਾਰ ਦਾ ਮੇਲਾ ਕਿਸ ਦੀ ਯਾਦ ਵਿੱਚ ਲੱਗਦਾ ਹੈ?

i)ਸੀਤਲਾ ਦੇਵੀ ਦੀ ii) ਗੁੱਗੇ ਦੀ

iii) ਗੁਰੂਆਂ ਦੀ iv) ਇਹਨਾਂ ਵਿੱਚੋਂ ਕੋਈ ਨਹੀਂ

ਅ) ਅਨੰਦਪੁਰ ਸਾਹਿਬ ਦਾ ਕਿਹੜਾ ਮੇਲਾ ਪ੍ਰਸਿੱਧ ਹੈ?

i)ਲੋਹੜੀ ii) ਮਾਘੀ

iii) ਇਕਾਦਸ਼ੀ iv) ਹੋਲਾ-ਮਹੱਲਾ

ੲ) ਬਿਰਖ ਦੀ ਟਾਹਣੀ ਜਾਂ ਹਰੀ ਘਾਹ ਨੂੰ ਕੀ ਆਖਦੇ ਹਨ?

i)ਕਲੀ ii) ਕਰੂੰਬਲ

iii) ਦੱਭ iv) ਬੰਧਨਵਾਰ

ਸ) ਬਹੁਤ ਸਾਰੇ ਸੰਸਕਾਰਾਂ ਦਾ ਆਰੰਭ ਕਿਹਨਾਂ ਨੂੰ ਪਤਿਆਉਣ ਜਾਂ ਰਿਝਾਉਣ ਲਈ ਹੋਇਆ?

i)ਪਾਂਧਿਆਂ ਨੂੰ ii) ਦੈਵੀ ਤਾਕਤਾਂ ਨੂੰ

iii) ਰਾਜਿਆਂ ਨੂੰ iv) ਇਹਨਾਂ ਵਿੱਚੋਂ ਕੋਈ ਨਹੀਂ

12. ਹੇਠ ਦਿੱਤੇ ਕੋਈ ਚਾਰ ਪ੍ਰਸ਼ਨਾਂ ਦਾ ਉੱਤਰ 70-80 ਸ਼ਬਦਾਂ ਵਿੱਚ ਲਿਖੋ| 4x2=8

ੳ) ਜਰਗ ਦਾ ਮੇਲਾ ਕਿੱਥੇ ਅਤੇ ਕਿਸ ਨੂੰ ਪਤਿਆਉਣ ਲਈ ਲੱਗਦਾ ਹੈ?

ਅ) ਮੇਲੇ ਦਾ ਹਰ ਦ੍ਰਿਸ਼ ਮਨਮੋਹਣਾ ਅਤੇ ਲੁਭਾਵਣਾ ਹੋਣ ਦੇ ਨਾਲ-ਨਾਲ ਹੋਰ ਕਿਸ ਚੀਜ਼ ਦੀ ਪ੍ਰਤੀਨਿੱਧਤਾ ਕਰਦਾ ਹੈ?

ੲ) ਬੱਚੇ ਦੇ ਜਨਮ ਤੋਂ ਬਾਅਦ ਕਿਹੜੀਆਂ ਦੋ ਰਸਮਾਂ ਕੀਤੀਆਂ ਜਾਂਦੀਆਂ ਹਨ?

ਸ) ਰਸਮਾਂ-ਰਿਵਾਜਾਂ ਦੇ ਪੈਦਾ ਹੋਣ ਦੇ ਕੀ ਕਾਰਨ ਦੱਸੇ ਗਏ ਹਨ?

ਹ) ਅੱਜ-ਕਲ ਕੁੜੀਆਂ ਮਾਪਿਆਂ ਉੱਤੇ ਭਾਰ ਨਾ ਹੋਣ ਕਾਰਨ, ਉਹਨਾਂ ਦਾ ਘਰ ਵਿੱਚ ਕੀ ਸਥਾਨ ਬਣ ਗਿਆ ਹੈ?